

# ਸੰਪਾਦਕ ਦੀ ਕਲਮ ਤੋਂ

## ਗੁਰੂ ਨਿੰਦਾ ਅਤੇ ਗੁਰੂ ਨਿੰਦਕ

ਕਿਸੇ ਦਾਨਿਸ਼ਵਰ ਨੇ ਬਹੁਤ ਸੁੰਦਰ ਕਿਹਾ ਕਿ ਜਦੋਂ ਮੈਨੂੰ ਟੁਰਨ ਦਾ ਵੱਲ ਨਹੀਂ ਸੀ ਤਾਂ ਲੋਕ ਮੈਨੂੰ ਸਹਾਰਾ ਦਿੰਦੇ ਸਨ ਪਰ ਜਦੋਂ ਹੁਣ ਮੈਂ ਟੁਰਨ ਜੋਗਾ ਹੋ ਗਿਆ ਹਾਂ ਤਾਂ ਥਾਂ-ਥਾਂ ਡਿਗਦਾ ਫਿਰਦਾ ਹਾਂ। ਕੌਮਾਂ ਦੇ ਇਤਿਹਾਸ ਵਿੱਚ ਸਦੀਆਂ ਕੋਈ ਅਹਿਮੀਅਤ ਨਹੀਂ ਰੱਖਦੀਆਂ ਪਰ 'ਸਤਿ ਸ੍ਰੀ ਅਕਾਲ ਪੁਰਖ਼' ਜੀ ਦੇ ਹੁਕਮ ਅਨੁਸਾਰ ਪ੍ਰਗਟੀ ਖ਼ਾਲਸਾ ਕੌਮ ਤਾਂ ਹੁਣ 534 ਸਾਲ ਦਾ ਸਫ਼ਰ ਕਰਕੇ ਭਰ ਜਵਾਨੀ ਵਿੱਚ ਹੈ। 'ਬਰ ਜਵਾਨੀ ਤੌਬਾ ਕਰਦੇ, ਸ਼ੈਵਾਏ ਪੈਗੰਬਰੀ'। ਜੇਕਰ ਕੋਈ ਜਵਾਨੀ ਵਿੱਚ ਹੀ ਗੁਨਾਹਾਂ, ਇੱਲਤਾਂ, ਬਦੀਆਂ ਤੋਂ ਤੋਬਾ ਕਰ ਜਾਏ, ਇਹ ਦੇਵਤਿਆਂ ਦਾ ਗੁਣ ਹੈ। ਜਵਾਨੀ 'ਤੇ ਹਮਲੇ ਵੀ ਕਈ ਕਿਸਮ ਦੇ ਹੁੰਦੇ ਹਨ ਅਤੇ ਇਸ ਨੂੰ ਖ਼ਤਰਾ ਵੀ ਹੁੰਦਾ ਹੈ। ਇਸ ਨੂੰ ਸੰਭਾਲਣ ਅਤੇ ਬਚਾਉਣ ਦੀ ਜ਼ਰੂਰਤ ਹੁੰਦੀ ਹੈ।

ਜੇਕਰ ਕੋਈ ਨੇਮ, ਕਾਇਦੇ, ਅਸੂਲ ਤੇ ਸਿਧਾਂਤ ਮਿੱਥੇ ਜਾਣ ਤਾਂ ਉਨ੍ਹਾਂ ਵਿੱਚ ਆਈ ਤਰੇੜ ਵੀ ਨਜ਼ਰ ਆ ਜਾਂਦੀ ਹੈ ਅਤੇ ਅੱਖਾਂ ਨੂੰ ਚੁਭਦੀ ਹੈ ਪਰ ਜਿਨ੍ਹਾਂ ਕੌਮਾਂ ਨੇ ਕੋਈ ਨਿਯਮ ਹੀ ਨਾ ਬਣਾਏ ਹੋਣ ਕਿ ਇਹ ਉਲੰਘਣਾ ਹੈ ਤਾਂ ਉਨ੍ਹਾਂ ਵਿੱਚ ਕਦੇ ਫੁੱਟ ਨਹੀਂ ਪੈਂਦੀ। ਮਾਸਟਰ ਤਾਰਾ ਸਿੰਘ ਕਿਹਾ ਕਰਦੇ ਸਨ ਕਿ ਸਿੱਖ ਕੌਮ ਨੇ ਇੱਕ ਦੀਵਾਰ ਬਣਾਈ ਹੈ ਤੇ ਇਸ ਵਿੱਚ ਆਈ ਤਰੇੜ ਨਜ਼ਰ ਆ ਜਾਂਦੀ ਹੈ ਪਰ ਜਿਹੜੀਆਂ ਕੌਮਾਂ ਇੱਟਾਂ ਦੇ ਢੇਰ ਹਨ, ਉਨ੍ਹਾਂ ਵਿੱਚ ਕਦੇ ਫੁੱਟ ਪੈ ਹੀ ਨਹੀਂ ਸਕਦੀ।

ਗੁਰਮਤਿ ਨੇ ਮਾਨਵਤਾ ਦੇ ਕਲਿਆਣ ਲਈ ਸਾਰੇ ਅਸੂਲ ਨੇਮਬੱਧ ਅਤੇ ਨਿਯਮਬੱਧ ਕੀਤੇ ਹਨ ਪਰ ਦੇਖਣ ਵਿੱਚ ਆਉਂਦਾ ਹੈ ਕਿ ਸਿੱਖ ਸਰੂਪ ਵਿੱਚ ਅਤੇ ਸਿੱਖੀ ਬਾਣਾ ਧਾਰਨ ਕਰਕੇ ਸਿੱਖੀ 'ਤੇ ਮਾਰੂ ਹਮਲੇ ਕਰਨ ਦੀਆਂ ਕੋਸ਼ਿਸ਼ਾਂ ਨਾ ਕੇਵਲ ਜਾਰੀ ਹਨ ਬਲਕਿ ਇਨ੍ਹਾਂ ਵਿੱਚ ਬੜੇ ਹੀ ਨਿਯੋਜਤ (Systemates) ਢੰਗ ਨਾਲ ਬਦਸਤੂਰ ਵਾਧਾ ਹੋ ਰਿਹਾ ਹੈ। ਇਹ ਹਮਲਾ ਹੈ 'ਗੁਰੂ ਡੰਮ' ਦਾ।

ਸਮੇਂ-ਸਮੇਂ ਸਿਰ ਕਈ ਭੇਖੀ ਅਤੇ ਪਾਖੰਡੀ 'ਗੁਰੂ' ਬਣ ਕੇ ਪ੍ਰਗਟ ਹੁੰਦੇ ਰਹੇ ਹਨ ਪਰ ਜਿਵੇਂ ਕਲਗੀਧਰ ਪਿਤਾ ਦਾ ਹੁਕਮ ਹੈ, ਅੰਤ ਬਹੁ ਬਰਪਾਨ ਜਿਉਂ ਮਤ ਆਪ ਹੀ ਮਿਟ ਜਾਹੇਂਗੇ। ਇਸ ਲੜੀ ਵਿੱਚ ਕੈਨੇਡਾ ਵਿੱਚ 'ਉਤਪੰਨ' ਹੋਇਆ ਨਵਾਂ ਗੁਰੂ ਨਰਿੰਦਰ ਗਰੇਵਾਲ ਹੈ। ਇਸ ਨੇ ਤਾਂ ਹੱਦ ਬੰਨੇ ਟੱਪ ਕੇ ਗੁਰੂ ਸਾਹਿਬ ਪ੍ਰਤੀ ਨਾ ਕੇਵਲ ਮੰਦ ਬਚਨ ਹੀ ਬੋਲੇ ਬਲਕਿ ਇਖ਼ਲਾਕ ਹੀਣਤਾ ਦੇ ਵੀ ਸਾਰੇ ਹੱਦ ਬੰਨੇ ਟੱਪ ਗਿਆ। ਕੈਨੇਡਾ ਦੇ 'ਸਾਂਝ ਸਵੇਰਾ' ਅਦਾਰੇ ਨੇ ਇਸ ਦੀ ਕਲੀ ਖੋਲੀ ਅਤੇ ਉਸ ਦੀਆਂ ਕੁਝ ਕੁ ਉਕਤੀਆਂ ਇਕੱਠੀਆਂ ਕਰਕੇ ਪ੍ਰਸਾਰਿਤ ਕੀਤੀਆਂ। ਨਰਿੰਦਰ ਗਰੇਵਾਲ ਨਾਮ ਦੇ ਇਸ ਭੇਖੀ ਗੁਰੂ ਦੀਆਂ ਉਟਪਟਾਂਗ ਉਕਤੀਆਂ ਨਾਲ ਡੱਬੀ ਵਿੱਚ ਅੰਕਿਤ ਹਨ। ਇਹ ਇਤਨੀਆਂ ਕੋਝੀਆਂ ਅਤੇ ਗੁਰੂ ਨਿੰਦਾ ਨਾਲ ਭਰਪੂਰ ਹਨ ਕਿ ਸਾਰੀਆਂ ਲਿਖੀਆਂ ਵੀ ਨਹੀਂ ਜਾ ਸਕਦੀਆਂ।

ਕੌਮ ਦਾ ਅਵੇਸਲਪਨ ਅਤੇ ਘੂਕ ਨੀਂਦਰ ਜਾਰੀ ਹੈ।

ਇਸ ਦੌਰਾਨ 'ਨਾਮਧਾਰੀ ਫ਼ੇਥ ਵੈਬਸਾਈਟ' ਤੇ ਗੁਰਬਾਣੀ, ਗੁਰ ਇਤਿਹਾਸ, ਸਿੱਖ ਪ੍ਰੰਪਰਾਵਾਂ ਅਤੇ ਸੰਸਥਾਵਾਂ ਦਾ ਕੋਝਾ ਮਜ਼ਾਕ ਉਡਾਉਂਦਿਆਂ ਇਨ੍ਹਾਂ ਨੂੰ ਮਨਘੜਤ ਕਿਹਾ ਹੈ। ਗੁਰੂ-ਨਿੰਦਾ ਕਰਦਿਆਂ ਇਨ੍ਹਾਂ ਨੇ ਕਲਗੀਧਰ ਪਿਤਾ ਵੱਲੋਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦੀ ਤਸਵੀਰ ਤੇ ਕਾਟਾ ਮਾਰਦਿਆਂ ਕਿਹਾ ਹੈ ਕਿ ਇਹ ਘਟਨਾ ਬਨਾਵਟੀ ਹੈ ਅਤੇ ਇਤਿਹਾਸ ਵਿੱਚ ਕਦੇ ਹੋਈ ਹੀ ਨਹੀਂ।

ਨਕਲੀ ਨਿਰੰਕਾਰੀ, ਅਸ਼ੂਤੋਸ਼ੀਏ, ਨੂਰਮਹਿਲੀਏ, ਲਾਲ ਕੁੜਤੀਏ ਅਤੇ ਗੁਰੂਆਂ ਦੀ ਪਾਵਨ ਧਰਤਿ ਪੰਜਾਬ 'ਤੇ ਕੁਰਲ-ਕੁਰਲ ਕਰਦੇ ਕਿੰਨੇ ਹੀ ਭੇਖੀ ਅਤੇ ਦੰਭੀ ਗੁਰੂ, ਡੇਰੇਦਾਰ, ਸਾਧ ਅਤੇ ਹੋਰ ਮਦਾਰੀ ਵਿਚਰ ਰਹੇ ਹਨ, ਇਸ ਦਾ ਅੰਤ ਹੀ ਨਹੀਂ।

ਗੁਰੂ ਨਿੰਦਾ ਇਥੇ ਹੀ ਸਮਾਪਤ ਨਹੀਂ ਹੁੰਦੀ ਬਲਕਿ ਇਸ ਦੀ ਸ਼ੁਰੂਆਤ ਗੁਰੂ ਦੇ ਬਾਣੇ ਅਤੇ ਬਾਨੀ ਤੇ ਹਮਲੇ ਨਾਲ ਹੁੰਦੀ ਹੈ। ਨਾਸਤਿਕਤਾ ਤੇ ਗੁਰੂ ਡੰਮ ਦੀ ਸ਼ੁਰੂਆਤ ਇਨ੍ਹਾਂ ਵਿਚਾਰਾਂ ਤੋਂ ਹੁੰਦੀ ਹੈ ਕਿ ਗੁਰੂ ਸਾਹਿਬ ਇਹ ਲਿਖ ਸਕਦੇ ਹਨ, ਕੀ ਗੁਰੂ ਸਾਹਿਬ ਇਹ ਕਰ ਸਕਦੇ ਹਨ। ਗੁਰੂ ਸਾਹਿਬ ਅਤੇ ਗੁਰਬਾਨੀ ਆਪਣੀ ਬੁੱਧੀ ਦੇ ਮਾਪ ਦੰਡ ਤੇ ਤੋਲਣ ਦੀ ਹਿਮਾਕਤ ਦੀ ਇਹ

ਸ਼ੁਰੂਆਤ ਹੁੰਦੀ ਹੈ।

ਇਸ ਵਾਰਤਾ ਨੂੰ ਦੇਖ ਕੇ ਉਹ ਗੱਲ ਯਾਦ ਆਉਂਦੀ ਹੈ ਕਿ ਇੱਕ ਵਾਰ ਐਨ ਅੱਲ੍ਹਾ ਨਾਮ ਦੇ ਕਿਸੇ ਬੰਦੇ ਨੇ ਆਪਣੇ ਆਪ ਨੂੰ ਪੈਗੰਬਰ ਐਲਾਨ ਦਿੱਤਾ। ਮੁਸਲਮਾਨਾਂ ਨੇ ਉਸ ਤੇ ਗਯਾ ਵਿੱਚ ਕੇਸ ਕਰ ਦਿੱਤਾ। ਉਥੇ ਇਸੇ ਫ਼ਿਤਰਤ ਦੇ ਬਸ਼ੀਰ ਨਾਮ ਦੇ ਬੰਦੇ ਨੂੰ ਗਵਾਹੀ ਲਈ ਸੱਦਿਆ ਗਿਆ ਅਤੇ ਪੁੱਛਿਆ ਕਿ ਤੂੰ ਇਸ ਬਾਰੇ ਕੀ ਕਹਿਣਾ ਚਾਹੁੰਦਾ ਹੈਂ ? ਬਸ਼ੀਰ ਨੇ ਕਿਹਾ, 'ਇਹ ਪਾਖੰਡੀ ਝੂਠ ਬੋਲ ਰਿਹਾ ਹੈ। ਮੈਂ ਤਾਂ ਇਸ ਨੂੰ ਭੇਜਿਆ ਹੀ ਨਹੀਂ ਹੈ।' ਮੁਸਲਮਾਨ ਐਨ ਅੱਲ੍ਹਾ ਨੂੰ ਛੱਡ ਕੇ ਬਸ਼ੀਰ ਦੇ ਮਗਰ ਪੈ ਗਏ।

ਬਾਬਾ ਬੁੱਢਾ ਜੀ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਗੁਰਦਾਸ ਜੀ ਤੇ ਪਿਛਲੀ ਸਦੀ ਵਿੱਚ ਵੀ ਗਿ. ਦਿੱਤ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਮਾਸਟਰ ਤਾਰਾ ਸਿੰਘ ਆਦਿ ਨੇ ਸਿੱਖੀ ਤੋਂ ਗੁਰਸਿੱਖੀ ਦਾ ਮਾਰਗ ਤੈਅ ਕੀਤਾ ਤੇ ਗੁਰਸਿੱਖਾਂ ਦੇ ਹਮਸਫ਼ਰ ਬਣੇ। ਇਨ੍ਹਾਂ ਨੇ ਕੋਈ ਵੱਖਰੀ ਮਰਿਯਾਦਾ ਜਾਂ ਬਾਣਾ ਨਹੀਂ ਦਿੱਤਾ, ਬਾਣੀ ਨੂੰ ਗੁਰੂ ਪ੍ਰਮੇਸ਼ਵਰ ਦਾ ਸਰਗੁਣ ਸਰੂਪ ਜਾਣ ਕੇ ਇਨ੍ਹਾਂ ਨੇ ਉਸ ਦਾ ਸਤਿਕਾਰ ਕੀਤਾ। ਜਿਵੇਂ ਕੇਸ ਰੰਗਣੇ ਪਤਿਤਪੁਣੇ ਵੱਲ ਪਹਿਲਾਂ ਕਦਮ ਹੈ, ਇਸੇ ਤਰ੍ਹਾਂ ਗੁਰੂ ਡੰਮ ਵੱਲ ਪਹਿਲਾਂ ਕਦਮ ਸੰਤ ਡੰਮ ਹੈ।

ਇਸ ਗੁਰੂ ਡੰਮ ਦੇ ਮਾਰੂ ਅਸਰ ਬਾਰੇ ਕੌਮ ਦਾ ਅਵੇਸਲਾਪਨ ਜਾਂ ਅਕਰਮਣਤਾ ਵੀ ਮੁੱਖ ਕਾਰਣ ਹੈ। ਪਿਛਲੀ ਸਦੀ ਦੇ ਆਰੰਭ ਵਿੱਚ ਮਸ਼ਹੂਰ ਸ਼ਾਇਰ ਤੇ ਜੱਜ ਅਕਬਰ ਅਲ੍ਹਾਬਾਦੀ ਨੇ ਕਿਹਾ ਸੀ–

**ਜੋ ਬਾਤ ਮੁਨਾਸਿਬ ਹੈ, ਵਹੁ ਹਾਸਿਲ ਨਹੀਂ ਕਰਤੇ। ਜੋ ਅਪਨੀ ਗਿਰਹ ਮੇਂ ਹੈ, ਉਸੇ ਖੋ ਭੀ ਰਹੇ ਹੈਂ।**
**ਬੇ ਇਲਮ ਹੀ ਹਮ ਲੋਗ ਹੈਂ, ਗ਼ਫ਼ਲਤ ਭੀ ਹੈ ਤਾਰੀ। ਅਫ਼ਸੋਸ ਕਿ ਅੰਧੇ ਭੀ ਹੈ, ਔਰ ਸੋ ਭੀ ਰਹੇ ਹੈਂ।**

ਇਸ ਗੂੜ੍ਹੀ ਨੀਂਦ ਤੋਂ ਜਾਗਣ ਦੀ ਲੋੜ ਹੈ, ਆਪਣੇ ਲਈ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਜਾਂ ਫਿਰ ਘੱਟੋ-ਘੱਟ ਗੁਰੂ ਪਾਤਿਸ਼ਾਹ ਦਾ ਕਰਜ਼ਾ ਉਤਾਰਣ ਲਈ।

**ਜਾਂਦੇ-ਜਾਂਦੇ** :–ਧੁਰ ਕੀ ਬਾਣੀ ਦਾ ਪਹਿਲਾਂ ਅੱਖਰ ਜੋ ਸਵਾਂਤ ਬੂੰਦ ਬਣ ਕੇ 'ਆਪ ਨਾਰਾਇਣ ਕਲਾਧਾਰ' ਗੁਰ ਪ੍ਰਮੇਸ਼ਵਰ ਬਾਬਾ ਨਾਨਕ ਰਾਹੀਂ ਮਾਤ ਲੋਕ ਨੂੰ ਪ੍ਰਾਪਤ ਹੋਇਆ ਉਹ ਸੀ '੧ਓ'। ਇਸ ਅਗੰਮੀ ਧੁਨ ਨੂੰ ਕਲਮ ਬੰਦ ਕੀਤਾ ਅਤੇ ਇਸ ਦਾ ਰੂਪ ਸਿਰਜਿਆ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ। ਇਸ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ, ਸੋਧ ਜਾਂ ਭੰਨ ਤੋੜ ਕਤਈ ਪ੍ਰਵਾਨ ਨਹੀਂ, ਪਰ ਸ਼੍ਰੋਮਣੀ ਕਮੇਟੀ ਨੇ ਇਸ '੧ਓ' ਦਾ ਰੂਪ '੧ਓਮ' ਕਰ ਦਿੱਤਾ ਹੈ। ਬੇਨਤੀ ਹੈ ਕਿ ਇਸ ਵੱਲ ਧਿਆਨ ਦੇ ਕੇ ਲੋੜੀਂਦੀ ਸੋਧ ਕੀਤੀ ਜਾਏ।

ਇਸੇ ਤਰ੍ਹਾਂ ਬਹੁਚਰਚਿਤ ਡਾ. ਪਿਆਰ ਸਿੰਘ ਜੀ ਦੇ ਸਪੁੱਤਰ ਕਰਨਲ ਦਵਿੰਦਰ ਸਿੰਘ ਜੀ ਨੇ ਤਾਂ ਇਸ ਤੋਂ ਵੀ ਅੱਗੇ ਵਧਦਿਆਂ ਹੋਇਆਂ ੧ਓ ਦੇ '੧' ਨੂੰ ਵੀ ਤਿੰਨ ਹਿੱਸਿਆ ਵਿੱਚ ਵੰਡ ਕੇ ਇਸ ਦੀ ਵਿਆਖਿਆ ਦੇਣ ਦੀ ਕੋਸ਼ਿਸ਼ ਕੀਤੀ। ਇਹ ਵੀ ਇੱਕ ਪਟਿਆਲੇ ਤੋਂ ਛਪਦੇ ਇੱਕ ਸਤਿਕਾਰਤ ਪੰਥਕ ਰਸਾਲੇ ਵਿੱਚ ਛਪੀ ਹੈ। ਸਾਨੂੰ ਇਸ ਵਿਆਖਿਆ ਦੀ ਲੋੜ ਨਹੀਂ, ਕੀ ਸ਼੍ਰੋਮਣੀ ਕਮੇਟੀ ਇਸ ਬਾਰੇ ਕਾਰਵਾਈ ਕਰੇਗੀ ? ਪਰ ਸ਼ਾਇਦ ਆਪਣੀ ਕਾਰਵਾਈ ਨੂੰ ਦਰੁਸਤ ਕਰਨ ਤੋਂ ਬਾਅਦ।

ਗੁਰਚਰਨ ਜੀਤ ਸਿੰਘ ਲਾਂਬਾ.


**ਦੇਸ਼ ਲਈ ਚੰਦਿਆਂ ਦਾ ਵੇਰਵਾ–**

| | |
|---|---|
| ਇਕ ਕਾਪੀ | 15 ਰੁਪਏ |
| ਸਾਲਾਨਾ | 170 ਰੁਪਏ |
| ਦੋ ਸਾਲ | 320 ਰੁਪਏ |
| ਤਿੰਨ ਸਾਲ | 450 ਰੁਪਏ |
| ਪੰਜ ਸਾਲ | 750 ਰੁਪਏ |
| ਜੀਵਨ ਸਾਥੀ (15 ਸਾਲ) | 2100 ਰੁਪਏ |

| ਵਿਦੇਸ਼ਾਂ ਲਈ ਵੇਰਵਾ (ਹਵਾਈ ਡਾਕ ਰਾਹੀਂ) | ਯੂ.ਐਸ. | ਯੂ.ਕੇ |
|---|---|---|
| ਇਕ ਸਾਲ | 40 ਡਾਲਰ | 30 ਪੌਂਡ |
| ਤਿੰਨ ਸਾਲ | 100 ਡਾਲਰ | 75 ਪੌਂਡ |
| ਪੰਜ ਸਾਲ | 175 ਡਾਲਰ | 125 ਪੌਂਡ |
| ਜੀਵਨ ਮੈਂਬਰ (15 ਸਾਲ) | 500 ਡਾਲਰ | 350 ਪੌਂਡ |

ਚੈੱਕ ਜਾਂ ਡਰਾਫ਼ਟ SANT SIPHI PUBLICATIONS ਦੇ ਨਾਂ 'ਤੇ ਭੇਜੇ ਜਾਣ

*ਪ੍ਰਿੰਟਰ ਤੇ ਪ੍ਰਕਾਸ਼ਕ ਕੁਲਵੰਤ ਕੌਰ ਨੇ ਪ੍ਰਿੰਟਵੈੱਲ, 146, ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਮਾਲਕ ਸੰਤ ਸਿਪਾਹੀ ਟਰੱਸਟ ਲਈ ਦਫ਼ਤਰ ਸੰਤ ਸਿਪਾਹੀ 193, ਗਰੀਨ ਪਾਰਕ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।*